



## ਸੰਪਾਦਕੀ

# ਸਾਹਿਤਕ ਟੈਕਸਟ ਨੂੰ ਕਿਵੇਂ ਸਮਝੀਏ ?

ਇਹ ਸਾਹਿਤ ਦੇ ਸੁਭਾਅ ਦਾ ਹੀ ਕਮਾਲ ਹੈ ਕਿ ਅਸੀਂ ਅੱਜ 21ਵੀਂ ਸਦੀ ਵਿਚ ਵੀ (ਜਦੋਂ ਪੰਜਾਬੀ ਆਲੋਚਨਾ ਵੀ ਪ੍ਰੌੜ ਉਮਰ ਦੀ ਹੋ ਚੁੱਕੀ ਹੈ) ਇਹ ਸੁਆਲ ਵਿਚਾਰ ਰਹੇ ਹਾਂ ਕਿ 'ਸਾਹਿਤਕ ਟੈਕਸਟ ਕਿਵੇਂ ਸਮਝੀਏ?' ਅਸੀਂ ਹੀ ਨਹੀਂ, ਪੱਛਮ ਵੀ ਨਿਰੰਤਰ ਇਸੇ ਤਲਾਸ਼ ਵਿਚ ਹੈ। ਇਸ ਸੁਆਲ ਦਾ ਮੁੜ-ਮੁੜ ਉਠਣਾ ਸਾਹਿਤ ਦੀ ਸੰਘਣੀ, ਬਹੁ-ਆਯਾਮੀ ਅਤੇ ਬਹੁ-ਅਰਥੀ ਪ੍ਰਕਿਰਤੀ ਦਾ ਪ੍ਰਮਾਣ ਹੈ। 2006 ਵਿਚ ਪ੍ਰਸਿੱਧ ਚਿੰਤਕ ਟੈਰੀ ਈਗਲਟਨ ਕਿਤਾਬ ਲਿਖਦਾ ਹੈ, How To Read A Poem ਅਤੇ 2013 ਵਿਚ How to Read Literature ! ਯੂਨੀਵਰਸਿਟੀਆਂ ਅਤੇ ਕਾਲਜਾਂ ਵਿਚ ਇਸ ਵਿਸ਼ੇ 'ਤੇ ਵਰਕਸ਼ਾਪ ਤੇ ਸੈਮੀਨਾਰ ਹੁੰਦੇ ਹਨ। ਸਧਾਰਨ ਜਿਹਾ ਲੱਗਣ ਵਾਲਾ ਇਹ ਸੁਆਲ ਏਨਾ ਸਧਾਰਨ ਨਹੀਂ ਹੈ, ਨਹੀਂ ਤਾਂ ਸਾਡੇ ਸਮਕਾਲ ਵਿਚ ਮੁੜ-ਮੁੜ ਕਿਉਂ ਉੱਠਦਾ ਰਹਿੰਦਾ !

ਸਾਹਿਤਕ ਟੈਕਸਟ ਕਿਵੇਂ ਪੜ੍ਹੀਏ? ਕਿਵੇਂ ਸਮਝੀਏ? ਕਿਵੇਂ ਇੰਟਰਪ੍ਰੇਟ ਕਰੀਏ? ਕਿਵੇਂ ਵਿਸ਼ਲੇਸ਼ਣ ਤੇ ਮੁਲਾਂਕਣ ਕਰੀਏ? ਇਨ੍ਹਾਂ ਸੁਆਲਾਂ ਨੂੰ ਮੁੜ-ਮੁੜ ਸਮਕਾਲੀ ਬਣਾਉਣ ਪਿੱਛੇ ਕਈ ਮਹੱਤਵਪੂਰਨ ਮੁੱਦੇ, ਮਸਲੇ ਅਤੇ ਚੁਣੌਤੀਆਂ ਹਨ।

ਅਜੋਕੇ ਸਮਿਆਂ ਵਿਚ ਸਮਾਜਿਕ, ਰਾਜਨੀਤਿਕ ਅਤੇ ਸਭਿਆਚਾਰਕ ਸੰਦਰਭ ਨਿਰੰਤਰ ਤੇਜੀ ਨਾਲ ਬਦਲ ਰਹੇ ਹਨ। ਆਧੁਨਿਕਤਾ, ਉਤਰ-ਆਧੁਨਿਕਤਾ ਅਤੇ ਪੋਸਟ-ਟਰੂਥ ਦੇ ਜ਼ਮਾਨੇ ਨੇ ਅਰਥ ਅਤੇ ਸੱਚਾਈ ਦੀ ਪਰਿਭਾਸ਼ਾ ਹੀ ਚੁਣੌਤੀਪੂਰਨ ਬਣਾ ਦਿੱਤੀ ਹੈ। ਇਸ ਕਰਕੇ ਸਾਹਿਤਕ ਟੈਕਸਟ ਦੀ ਪੜ੍ਹਤ ਨਵੇਂ ਤਰੀਕਿਆਂ ਦੀ ਮੰਗ ਕਰਦੀ ਹੈ।

ਸਮਕਾਲੀ ਸਾਹਿਤ ਵਿਚ ਭਾਸ਼ਾ ਅਤੇ ਰੂਪ ਦੇ ਤਜ਼ਰਬਿਆਂ ਨੇ ਪਾਠ ਨੂੰ ਗੁੰਝਲਦਾਰ ਬਣਾਇਆ ਹੈ। ਨਵ-ਸਾਹਿਤਕ ਟੈਕਸਟ ਵਿਚ ਚਿੰਨ੍ਹਾਂ, ਪ੍ਰਤੀਕਾਂ, ਬਿੰਬਾਂ, ਵਿੱਥਾਂ/ਚੁੱਪਾਂ, ਅਣਕਥਿਤ ਅਤੇ ਕੋਡਾਂ ਦੀ ਪੱਧਰ 'ਤੇ ਹੋ ਰਹੇ ਪ੍ਰਯੋਗਾਂ ਨੇ ਸੰਚਾਰ ਨੂੰ ਜਟਿਲ ਬਣਾ ਦਿੱਤਾ ਹੈ। ਹਾਜ਼ਰ/ਗ਼ੈਰਹਾਜ਼ਰ ਕਈ ਪਰਤਾਂ ਵਿਚ ਲਿਪਟੇ ਪਾਠ ਨੂੰ ਕਈ ਪਾਸਿਓਂ ਖੋਲੇ ਜਾਣ ਦੀਆਂ ਸੰਭਾਵਨਾਵਾਂ ਉਜਾਗਰ ਹੋਈਆਂ ਹਨ। ਨਵੇਂ ਵਿਆਖਿਆ-ਸ਼ਾਸਤਰਾਂ ਨੇ ਟੈਕਸਟ ਤੇ ਪਾਠਕ ਨੂੰ ਲੇਖਕ ਦੀ ਮਾਨਤਾ ਤੋਂ ਆਜ਼ਾਦ ਕਰ ਦਿੱਤਾ ਗਿਆ ਹੈ, ਜਿਸ ਕਰਕੇ ਸਾਹਿਤਕ ਟੈਕਸਟ ਦੀ ਨਾ ਹੀ ਇਕ ਵਿਆਖਿਆ ਸੰਭਵ ਰਹੀ ਹੈ ਅਤੇ ਨਾ ਹੀ ਇਕ ਤਰ੍ਹਾਂ ਦਾ ਵਿਆਖਿਆ-ਸ਼ਾਸਤਰ। ਪਾਠਕ-ਪ੍ਰਤੀਕਿਰਿਆ ਸਿਧਾਂਤਾਂ ਨੇ ਸਾਹਿਤਕ ਟੈਕਸਟ ਦੀ ਸਮਝ ਨੂੰ ਪਾਠਕ ਦੇ ਤਜ਼ੁਰਬੇ, ਪਿਛੋਕੜ ਅਤੇ ਸੰਵੇਦਨਾ ਨਾਲ ਜੋੜ ਦਿੱਤਾ ਹੈ। ਟੈਕਸਟ ਦੀ ਸੁਤੰਤਰਤਾ ਅਤੇ ਪਾਠਕ ਦੀ ਭੂਮਿਕਾ ਅਹਿਮ ਹੋ ਗਈ ਹੈ। ਇਸ ਤਰ੍ਹਾਂ ਪਾਠ ਇੱਕ ਵੱਖਰਾ ਅਰਥ-ਉਤਪਾਦਨ ਬਣ ਜਾਂਦਾ ਹੈ, ਜੋ ਮੁਢਲੇ ਅਰਥ ਨਾਲ ਅਕਸਰ ਵੱਖਰਾ ਜਾਂ ਵੰਨ-ਸੁਵੰਨਾ ਬਣਦਾ ਹੈ। ਪਾਠ ਨੂੰ ਪੜ੍ਹਨ ਸਮੇਂ ਅਸਲੀ ਸੰਦਰਭ, ਲਹਿਜ਼ਾ, ਰੂਪਕ ਜਾਂ ਕਲਾਵਿਧੀ ਨੂੰ ਸਮਝਣਾ ਚੁਣੌਤੀ ਬਣ ਜਾਂਦਾ ਹੈ। ਟੈਕਸਟ ਦੀ ਸਮਝ ਹੁਣ 'ਕੇਵਲ ਕੀ ਲਿਖਿਆ ਗਿਆ' ਨਹੀਂ, ਸਗੋਂ 'ਕਿਵੇਂ, ਕਿਸਨੇ (ਵਿਦਿਆਰਥੀ/ਜਨਸਧਾਰਨ/ਪ੍ਰੋਫ਼ੈਸਰ) ਕਿਸ ਪ੍ਰਸੰਗ, ਸਮੇਂ-ਸਥਾਨ 'ਤੇ ਪੜ੍ਹੀ ਗਈ', ਦੇ ਆਧਾਰ ਉਪਰ ਉਸਰਦੀ ਹੈ।

ਸਾਹਿਤਕ ਟੈਕਸਟ ਦੀ ਸਮਝਣ ਵਿਧੀ ਨੂੰ ਮੁੜ ਜਾਨਣ ਦੇ ਮਸਲੇ ਪਿੱਛੇ ਇਕ ਕਾਰਨ ਮਾਧਿਅਮਾਂ ਦੀ ਵੱਧ ਰਹੀ ਭੂਮਿਕਾ ਵੀ ਹੈ। ਸੋਸ਼ਲ ਮੀਡੀਆ, ਡਿਜੀਟਲ ਪਲੇਟਫਾਰਮ ਅਤੇ ਵਿਜ਼ੂਅਲ ਕਵਿਤਾ ਵਰਗੇ ਨਵੇਂ ਮਾਧਿਅਮ ਟੈਕਸਟ ਦੀ ਪੜ੍ਹਤ ਨੂੰ ਨਵੀਆਂ ਦਿਸ਼ਾਵਾਂ ਵਿੱਚ ਲੈ ਕੇ ਜਾਂਦੇ ਹਨ। ਇਨ੍ਹਾਂ ਪੱਧਰਾਂ 'ਤੇ ਟੈਕਸਟ ਦੀ ਪੜ੍ਹਤ

ਪਾਰੰਪਰਿਕ ਵਿਆਖਿਆ ਢਾਂਚਿਆਂ ਤੋਂ ਪਰੇ ਚਲੀ ਜਾਂਦੀ ਹੈ। ਤੇਜ਼ ਗਤੀ ਵਿਚ ਆ ਰਹੇ ਡਿਜੀਟਲ ਬਦਲਾਅ ਨਾਲ ਨਵੀਂ ਪੀੜ੍ਹੀ ਦੀ ਸੁਹਜ ਸੰਵੇਦਨਾ ਬਦਲ ਰਹੀ ਹੈ। ਪੰਜਾਬੀ ਭਾਸ਼ਾ ਦੇ ਸੰਦਰਭ, ਲੋਕ-ਸਾਹਿਤ ਦੇ ਸੰਕੇਤ ਅਤੇ ਖੇਤਰੀ ਸਭਿਆਚਾਰ ਨਾਲ ਜੁੜੇ ਪ੍ਰਤੀਕ ਸਮਝਣ ਲਈ ਭਾਸ਼ਾਈ ਅਤੇ ਸਭਿਆਚਾਰਕ ਗਿਆਨ ਦੀ ਲੋੜ ਹੈ, ਜੋ ਸ਼ਹਿਰੀਕਰਨ ਅਤੇ ਅੰਗਰੇਜ਼ੀ ਦੇ ਪ੍ਰਭਾਵ ਕਾਰਨ ਨਵੀਂ ਪੀੜ੍ਹੀ ਵਿਚ ਘਟਦਾ ਜਾ ਰਿਹਾ ਹੈ ਅਤੇ ਸੋਸ਼ਲ ਮੀਡੀਆ ਗਿਆਨ ਵੱਧ ਰਿਹਾ ਹੈ। ਅੱਜ ਸਾਹਿਤ ਸਿਰਫ਼ ਲਿਖਤੀ ਨਹੀਂ, ਸਗੋਂ ਮਲਟੀਮੀਡੀਆ ਸਾਹਿਤ ਹੋਂਦ ਵਿਚ ਆ ਗਿਆ ਹੈ ਜੋ ਵੀਡੀਓ, ਆਡੀਓ ਅਤੇ ਵਿਜ਼ੁਅਲ ਰੂਪ ਵਿੱਚ ਵੀ ਮਿਲਦਾ ਹੈ। ਇਸ ਦੀ ਵਿਆਖਿਆ ਲਈ ਨਵੇਂ ਸਾਧਨ ਅਤੇ ਸਮਝ ਦੀ ਲੋੜ ਹੈ। ਇਸ ਟੈਕਸਟ ਪ੍ਰਤੀ ਰਿਸਪੌਂਸ ਵੱਖਰਾ ਹੈ। ਟੈਕਸਟ ਦੀ ਹਾਈਬ੍ਰਿਡਟੀ ਵਿਚੋਂ ਸੁਹਜ ਦੀ ਪ੍ਰਾਥਮਿਕਤਾ, ਨਜ਼ਰੀਆ ਤੇ ਮਾਇਨੇ ਬਦਲ ਰਹੇ ਹਨ। ਜਿਵੇਂ ਪਹਿਲਾਂ ਸ਼ਬਦ/ਟੈਕਸਟ ਨੂੰ ਨਿਸਚਿਤ ਅਰਥ/ ਸੁਨੇਹਾ/ਵਿਚਾਰ ਪੈਦਾ ਕਰਨ ਦਾ ਅਤੇ ਇਕ ਖ਼ਾਸ ਦ੍ਰਿਸ਼ਟੀ ਪੈਦਾ ਕਰਨ ਦਾ ਸਾਧਨ ਮੰਨਿਆਂ ਜਾਂਦਾ ਰਿਹਾ, ਉਹ ਸੋਚ-ਸਮਝ ਹੀ ਬਦਲ ਗਈ ਹੈ। ਸਾਹਿਤ, ਲੇਖਕ ਅਤੇ ਪਾਠਕ ਦਰਮਿਆਨ ਇਕ ਸਾਂਝਾ ਸੰਵਾਦ ਹੈ ਜਿਸ ਵਿਚ ਲਫ਼ਜ਼ ਸਿਰਫ਼ ਸਾਧਨ ਹੁੰਦੇ ਹਨ, ਅਰਥ ਪਾਠਕ ਦੇ ਅੰਦਰ ਨਿਰਮਿਤ ਹੁੰਦੇ ਹਨ। ਇਸ ਤੋਂ ਇਲਾਵਾ ਅੱਜਕੱਲ੍ਹ ਟੈਕਸਟ ਨੂੰ ਮੌਜੂਦਾ ਸਮਾਜਿਕ-ਰਾਜਨੀਤਿਕ ਸੰਘਰਸ਼ਾਂ, ਸਬਾਲਟਰਨ, ਨਾਰੀਵਾਦ, ਦਲਿਤਵਾਦ, ਪਰਵਾਸ ਆਦਿ ਨਜ਼ਰੀਏ ਤੋਂ ਪੜ੍ਹਨ ਦੀ ਲੋੜ ਨੇ ਪਰੰਪਰਾਗਤ ਅਧੀਨਤਾ, ਸਮਾਜਵਾਦੀ ਜਾਂ ਰੂਪਵਾਦੀ ਪੜ੍ਹਤਾਂ ਨੂੰ ਪੂਰਕ ਜਾਂ ਅਧੂਰਾ ਬਣਾ ਦਿੱਤਾ ਹੈ।

ਸਾਹਿਤਕ ਟੈਕਸਟ ਵਿਚ ਕਵਿਤਾ ਦੀ ਪੜ੍ਹਤ ਵਿਧੀ ਦਾ ਮਸਲਾ ਵਧੇਰੇ ਜਟਿਲ ਹੈ। ਕਵਿਤਾ ਸੁਭਾਅ ਪੱਖੋਂ ਵਧੇਰੇ ਸੰਘਣੀ, ਬਹੁ-ਆਯਾਮੀ ਅਤੇ ਬਹੁ-ਅਰਥੀ ਹੁੰਦੀ ਹੈ। ਇਹ ਰੂਪਕਾਂ, ਚਿੰਨ੍ਹਾਂ, ਪ੍ਰਤੀਕਾਂ, ਬਿੰਬਾਂ, ਵਿੱਥਾਂ/ਚੁੱਪਾਂ, ਅਣਕਹੇ ਸੰਕੇਤਾਂ ਅਤੇ ਕੋਡਾਂ ਆਦਿ ਸੰਘਣੀ ਬੁਣਤੀ ਕਾਰਨ ਬਹੁ-ਪਰਤੀ ਤੇ ਬਹੁ-ਰਮਜ਼ੀ ਹੋ ਜਾਂਦੀ ਹੈ। ਇਸਦੀ ਪੜ੍ਹਤ ਦੌਰਾਨ ਗਹਿਨ/ਨਿਕਟ, ਸੰਦਰਭੀ ਤੇ ਸਮੀਖਿਅਕ ਪਾਠ ਨਾਲ ਲਫ਼ਜ਼ ਉਠਾਏ ਜਾਂਦੇ ਹਨ। ਰਚਨਾ ਦਾ ਇਤਿਹਾਸਕ, ਸਮਾਜਿਕ ਜਾਂ ਨਿੱਜੀ ਸੰਦਰਭ ਜਾਨਣਾ, ਕਵਿਤਾ ਦੀ ਰਚਨਾਤਮਕਤਾ ਦਾ ਵਿਸ਼ਲੇਸ਼ਣ ਤੇ ਵੱਖ-ਵੱਖ ਆਲੋਚਨਾਤਮਕ ਦ੍ਰਿਸ਼ਟੀਕੋਣਾਂ ਸਨਮੁਖ ਕਵਿਤਾ ਦੀ ਅਰਥਪੂਰਕ ਪੜ੍ਹਤ ਤਿਆਰ ਹੁੰਦੀ ਹੈ। ਇਹ ਪ੍ਰਾਪਤ ਅਰਥ ਕਵੀ ਹੀ ਨਹੀਂ ਦਿੰਦਾ, ਪਾਠਕ ਵੀ ਸਵੈ ਅਨੁਭਵ ਤੇ ਸੰਦਰਭ ਅਨੁਸਾਰ ਨਵੇਂ ਅਰਥ ਨਿਰਮਾਣ ਕਰਦਾ ਹੈ। ਪਾਠਕ ਦਾ ਸਵੈ ਅਨੁਭਵ ਅਰਥ ਦੀ ਘਾੜਤ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ। ਸੋ ਕਵਿਤਾ ਦੀ ਪੜ੍ਹਤ ਸਿਰਫ਼ ਇੱਕ ਅਰਥ ਲੱਭਣ ਦੀ ਪ੍ਰਕਿਰਿਆ ਨਹੀਂ, ਸਗੋਂ ਇੱਕ ਆਤਮਿਕ ਅਤੇ ਰਚਨਾਤਮਕ ਪੱਧਰ ਦੀ ਯਾਤਰਾ ਹੈ ਜਿਸ ਵਿਚ ਕਈ ਦਿਸ਼ਾਵਾਂ ਦਾ ਸੰਗਮ ਹੁੰਦਾ ਹੈ।

ਕਵਿਤਾ ਦੀ ਪੜ੍ਹਤ ਆਪਣੇ ਆਪ ਵਿਚ ਇਕ ਵਿਧੀ ਉਦੈ ਕਰਦੀ ਹੈ ਜੋ ਲਫ਼ਜ਼ਾਂ ਤੋਂ ਅਰਥਾਂ, ਅਰਥਾਂ ਤੋਂ ਅਨੁਭਵ ਅਤੇ ਫਿਰ ਅਰਥ ਉਤਪਦਨ ਦੇ ਰਾਹ ਪਾਉਂਦੀ ਹੈ। ਸਾਹਿਤ ਦੀ ਸਿਰਜਣ ਪ੍ਰਕਿਰਿਆ ਦੌਰਾਨ ਲੇਖਕ ਵਸਤੂ-ਯਥਾਰਥ ਨੂੰ ਸ਼ਬਦਾਂ/ਕੋਡਾਂ ਵਿਚ ਢਾਲ਼ ਕੇ ਇਕ ਸਾਹਿਤਕ ਕਿਰਤ ਸਿਰਜਦਾ ਹੈ। ਪਾਠਕ ਨੂੰ ਇਸਦੇ ਉਲਟੇ ਰੁਖ਼ ਤੁਰਨਾ ਹੁੰਦਾ ਹੈ। ਪੜ੍ਹਤ ਦੌਰਾਨ ਪਾਠਕ ਉਸ ਕਿਰਤ ਦੀ ਡੀਕੋਡਿੰਗ ਕਰਦਿਆਂ ਵਸਤੂ-ਯਥਾਰਥ ਵੱਲ ਯਾਤਰਾ ਕਰਨੀ ਹੁੰਦੀ ਹੈ ਜਿਸ ਦੌਰਾਨ ਕਈ ਸੰਦਰਭ ਤੇ ਸਵੈ ਅਨੁਭਵ ਅਰਥ ਉਤਪਾਦਨ ਦੀ ਪ੍ਰਕਿਰਿਆ ਦਾ ਹਿੱਸਾ ਬਣਦੇ ਹਨ। ਸਾਹਿਤਕ ਟੈਕਸਟ ਦੀਆਂ ਤਹਿਆਂ ਦੀ ਉਧੇੜ ਬੁਣਤ ਕਰਨ ਲਈ ਪਾਠਕ ਨੂੰ ਸੰਵੇਦਨਸ਼ੀਲ, ਜਿਗਿਆਸੂ, ਰਚਨਾਤਮਕ ਅਤੇ ਆਲੋਚਕ ਹੋਣ ਦੀ ਵੀ ਲੋੜ ਹੈ।

**ਸੰਵਾਦ** ਦਾ ਇਹ 22ਵਾਂ ਅੰਕ ਵਿਸ਼ੇਸ਼ ਤੌਰ ’ਤੇ ‘**ਸਾਹਿਤਕ ਟੈਕਸਟ ਕਿਵੇਂ ਸਮਝੀਏ?**’ ਦੇ ਸੁਆਲ ਨੂੰ ਮੁਖ਼ਾਤਿਬ ਹੋਣ ਲਈ ਵਿਉਂਤਿਆ ਗਿਆ ਹੈ। ਇਸ ਵਿਚ ਸਾਹਿਤ ਦੀ ਪੜ੍ਹਤ, ਵਿਸ਼ਲੇਸ਼ਣ ਅਤੇ ਅਧਿਐਨ ਤੇ ਮੁਲਾਂਕਣ ਸਬੰਧੀ ਕਈ ਮਹੱਤਵਪੂਰਨ ਮੁੱਦੇ ਤੇ ਚੁਣੌਤੀਆਂ ਨੂੰ ਨਜਿੱਠਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਸਬੰਧੀ **ਸੰਵਾਦ** ਅਜੇ ਜਾਰੀ ਹੈ। ਅਗਲੇ ਅੰਕ ਵੀ ਪੜ੍ਹਤ, ਵਿਸ਼ਲੇਸ਼ਣ ਜਾਂ ਅਧਿਐਨ ਵਿਧੀਆਂ ਦੀ ਨਿਰੰਤਰ ਤਲਾਸ਼ ਨਾਲ ਜੁੜੇ ਰਹਿਣਗੇ।

ਆਸ ਹੈ ਕਿ ਸੁਹਿਰਦ ਪਾਠਕ ਇਸ ਅੰਕ ਨੂੰ ਵੀ ਭਰਪੂਰ ਹੁੰਗਾਰਾ ਦੇਣਗੇ।

**-ਆਤਮ ਸਿੰਘ ਰੰਧਾਵਾ**

ਮੁੱਖ ਸੰਪਾਦਕ

✧